A seminar related to World Thalassemia Day (13 May, 2022) was conducted in the college campus in collaboration with Civil Hospital Hoshiarpur to rais awareness on this inherited blood disorder disease. Dr. P Lal, District Media Officer talked about its symtoms and importance of consulting a doctor and available vaccinations about it.



ਰੈਸਟਵੇ ਐਕਸਪ੍ਰੈਸ



# ਥੈਲਾਸੀਮੀਆਂ ਬੀਮਾਰੀ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ

ਹੁਸ਼ਿਆਰਪੁਰ (ਰੈਸਟਵੇਅ ਐਕਸਪ੍ਰੈਸ) 13 ਮਈ 2022 : ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਸ਼੍ਰੀਮਤੀ ਯੋਗੇਸ਼ ਅਤੇ ਵਾਈਸ ਪ੍ਰਿੰਸੀਪਲ ਡਾ:ਜਸਵੀਰਾ ਮਿਨਹਾਸ ਦੀ ਅਗਵਾਈ ਦੇ ਵਿੱਚ ਪ੍ਰੋ:ਰਣਜੀਤ ਕੁਮਾਰ,ਬਿੰਦੂ ਸ਼ਰਮਾ ਤੇ ਕੁਲਵਿੰਦਰ ਕੌਰ ਦੇ ਸਹਿਯੋਗ ਨਾਲ ਕਾਲਜ ਦੇ ਰੈੱਡ ਰਿਬਨ ਕਲੱਬ ਵੱਲੋਂ 8 ਮਈ ਤੋਂ 14 ਮਈ ਤੱਕ ਜੋ ਵਿਸ਼ਵ ਥੈਲਾਸੀਮੀਆਂ ਦਿਵਸ ਮਨਾਇਆ ਜਾ ਰਿਹਾ ਹੈ ਉਸਦੇ ਅਧੀਨ ਅੱਜ ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਥੈਲਾਸੀਮੀਆ ਬਿਮਾਰੀ ਨਾਲ ਸੰਬੰਧਿਤ ਇੱਕ ਸੈਮੀਨਾਰ ਕਰਾਇਆ ਗਿਆ ਜਿਸਦੇ ਵਿੱਚ ਸਿਵਿਲ ਹਸਪਤਾਲ ਹੁਸ਼ਿਆਰਪੁਰ ਤੋਂ ਸ਼੍ਰੀ ਪਰਸ਼ੋਤਮ ਲਾਲ District Mass Media Officer ਅਤੇ ਸ਼੍ਰੀ ਅਮਨਜੀਤ ਸਿੰਘ District BCC coordinator ਕਾਲਜ ਵਿੱਚ ਆਏ। ਸ਼੍ਰੀ ਪਰਸ਼ੋਤਮ ਲਾਲ ਨੇ ਥੈਲਾਸੀਮੀਆ ਬਿਮਾਰੀ ਬਾਰੇ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਦੱਸਿਆ ਕਿ ਥੈਲਾਸੀਮੀਆ ਮਾਤਾ ਪਿਤਾ ਤੋਂ ਮਿਲਣ ਵਾਲਾ ਬੀਮਾਰੀਆਂ ਨੂੰ ਇੱਕ ਅਨੁਵੰਸ਼ਿਕ ਰੋਗ ਹੈ।ਜਿਸਨੂੰ ਇਹ ਬਿਮਾਰੀ ਲੱਗ ਜਾਂਦੀ ਹੈ ਉਸਦੀ ਹੀਮੋਗਲੋਬਿਨ ਪ੍ਰਕਿਰਿਆ ਦੇ ਵਿੱਚ ਗੜਬੜ ਹੋ ਜਾਂਦੀ ਹੈ ਤੇ



ਅਜਿਹੇ ਮਰੀਜ਼ ਨੂੰ ਦੋ ਤੋਂ ਤਿੰਨ ਹਫਤਿਆਂ ਵਿੱਚ ਖੂਨ ਚੜਾਉਣਾ ਜਰੂਰੀ ਹੁੰਦਾ ਹੈ। ਥੈਲਾਸੀਮੀਆ ਮਰੀਜਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਖੂਨ ਚੜ੍ਹਾਇਆ ਜਾਂਦਾ ਹੈ ਅਤੇ ਜੇਕਰ ਕਿਸੇ ਮਰੀਜ਼ ਦੀ ਬੋਨ ਮੈਰੋ ਟਰਾਂਸਪਲਾਂਟ ਕਰਨ ਦੀ ਜਰੂਰਤ ਹੋਵੇ ਤਾਂ ਉਸਦੇ ਲਈ ਸਰਕਾਰ ਵੱਲੋਂ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਥੈਲਾਸੀਮੀਆ ਹਫ਼ਤਾ ਜੋ ਕਿ 8 ਮਈ ਤੋਂ 14 ਮਈ ਤੱਕ ਮਨਾਇਆ ਜਾ ਰਿਹਾ ਹੈ। ਇਸ ਬਿਮਾਰੀ ਦੇ ਨਾਲ ਸੰਬੰਧਿਤ ਬੁਰੇ ਪ੍ਰਭਾਵਾਂ ਬਾਰੇ ਸ਼੍ਰੀ ਪਰਸ਼ੋਤਮ ਲਾਲ ਨੇ ਵਿਦਿਆਰਥੀਆਂ ਨੂੰ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸ ਸੈਮੀਨਾਰ ਵਿੱਚ ਤਰਨਦੀਪ ਕੌਰ ਤੇ ਵੰਦਨਾ ਬੀ.ਏ-3 ਦੀਆਂ ਵਿਦਿਆਰਥਣਾਂ ਨੇ ਮੰਚ ਸੰਚਾਲਨ ਕੀਤਾ।

Principal
Govt. College, Hoshiarpur.